**ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ।**

ਪ੍ਰੀਖਿਆ ਭਵਨ,
......... ਸਕੂਲ,
.......... ਸ਼ਹਿਰ।
8 ਫ਼ਰਵਰੀ, 2021

ਸਤਿਕਾਰਯੋਗ ਪਿਤਾ ਜੀ,

ਸਤਿ ਸ੍ਰੀ ਅਕਾਲ।

ਆਪ ਜੀ ਦਾ ਪੱਤਰ ਮਿਲ਼ਿਆ। ਪਰ ਮੈਂ ਸਕੂਲ ਗਤੀਵਿਧੀਆਂ ਵਿੱਚ ਜਿਆਦਾ ਰੁੱਝਾ ਹੋਣ ਕਾਰਨ ਜਵਾਬ ਨਹੀਂ ਦੇ ਸਕਿਆ। ਆਪ ਜੀ ਨੂੰ ਇਹ ਜਾਣ ਕੇ ਬਹੁਤ ਖ਼ੁਸ਼ੀ ਹੋਵੇਗੀ ਕਿ ਮੈਂ ਇਸ ਵਾਰ ਸਲਾਨਾ ਸਮਾਰੋਹ ਵਿੱਚ ਹਿੱਸਾ ਲੈ ਰਿਹਾ ਹਾਂ। ਜਿਸ ਲਈ ਮੈਨੂੰ ਭੰਗੜੇ ਦੀ ਡਰੈੱਸ ਅਤੇ ਹੋਰ ਸਮਾਨ ਲਈ 1000 ਰੁਪਏ ਦੀ ਜ਼ਰੂਰਤ ਹੈ। ਕਿਰਪਾ ਕਰ ਕੇ ਆਪ ਜਲਦੀ ਤੋਂ ਜਲਦੀ ਮੈਨੂੰ 1000 ਰੁਪਏ ਭੇਜ ਦੇਵੋ ਜਾਂ ਮੇਰੇ ਬੈਂਕ ਖ਼ਾਤੇ ਵਿੱਚ ਪਾ ਦਿਓ।

ਮਾਤਾ ਜੀ ਅਤੇ ਛੋਟੀ ਭੈਣ ਨੂੰ ਮੇਰੇ ਵਲੋਂ ਸਤਿ ਸ੍ਰੀ ਅਕਾਲ।

ਆਪ ਦਾ ਸਪੁੱਤਰ,
……………।